**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ ਤੇ ਸੈ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਈ.ਮੀਡੀਆ)/ਐਸ.ਐਸ.ਏ/2009/0046
ਮਿਤੀ ਚੰਡੀਗੜ੍ਹ 29।12।09

**ਵਿਸ਼ਾ:- ਸ਼ੈਸ਼ਨ 2009-10 ਦੀ ਪਸਵਕ ਟ੍ਰੇਨਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਹਰੇਕ ਸਾਲ ਪੇਂਡੂ ਸਿੱਖਿਆ ਵਿਕਾਸ ਕਮੇਟੀਆਂ ਦੀ ਦੋ ਰੋਜ਼ਾ ਟ੍ਰੇਨਿੰਗ ਕਰਵਾਈ ਜਾਂਦੀ ਹੈ। ਇਸ ਸਬੰਧੀ ਇਸ ਵਾਰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਮਹੀਨਾਵਾਰ ਮੀਟਿੰਗ ਵਿੱਚ ਇਸ ਏਜੰਡੇ ਨੂੰ ਵਿਸਥਾਰ ਸਹਿਤ ਵਿਚਾਰਿਆ ਵੀ ਗਿਆ ਸੀ ਅਤੇ ਇਹ ਵੀ ਦੱਸਿਆ ਗਿਆ ਸੀ ਕਿ ਪੇਂਡੂ ਸਿੱਖਿਆ ਵਿਕਾਸ ਕੇਮਟੀ ਦੇ ਮੈਂਬਰਾਂ ਨੂੰ ਐਸ.ਐਸ.ਏ. ਪ੍ਰੋਗਰਾਮ ਅਧੀਨ ਸਿਖਲਾਈ ਦੇਣ ਅਤੇ ਇਸ ਦੀਆਂ ਗਤੀਵਿਧੀਆਂ ਜਨਤਾ ਤੱਕ ਪਹੁੰਚਾਉਣ ਲਈ ਇਸ ਵਾਰ ਦੀ ਪਸਵਕ ਸਿਖਲਾਈ ਜਨਵਰੀ ਅਤੇ ਫਰਵਰੀ 2010 ਵਿੱਚ ਦੋ ਪੜਾਵੀ ਪ੍ਰੋਗਰਾਮਾਂ ਵਿੱਚ ਕਰਵਾਈ ਜਾਣੀ ਹੈ।

3.0 ਟ੍ਰੇਨਿੰਗ ਦਾ ਸਮਾਂ ਸਕੂਲ ਦੀ ਅੱਧੀ ਛੁੱਟੀ ਤੋਂ ਬਾਅਦ ਦਾ ਹੋਵੇਗਾ।

4.0 ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਸਕੂਲਾਂ ਦੇ ਪੇਂਡੂ ਸਿੱਖਿਆ ਵਿਕਾਸ ਕਮੇਟੀ ਮੈਂਬਰਾਂ ਦੀ ਟ੍ਰੇਨਿੰਗ ਦਾ ਸਥਾਨ ਪਿੰਡ/ਸ਼ਹਿਰ ਦਾ ਸਰਕਾਰੀ ਪ੍ਰਾਇਮਰੀ ਸਕੂਲ ਹੋਵੇਗਾ।

5.0 ਪਸਵਕ ਟ੍ਰੇਨਿੰਗ ਦਾ ਪਹਿਲਾ ਪੜਾਅ ਜਨਵਰੀ ਮਹੀਨੇ ਵਿੱਚ ਹੋਵੇਗਾ। ਜਿਸ ਵਿੱਚ ਸੀ. ਐਮ. ਟੀ. ਪੜ੍ਹੋ ਪੰਜਾਬ, ਰੀਡਿੰਗ ਸੈਲ, ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਕਿਤਾਬਾਂ, ਪੜ੍ਹੋ ਪੰਜਾਬ ਮਟੀਰੀਅਲ ਆਦਿ ਬਾਰੇ ਜਾਣਕਾਰੀ ਦੇਣਗੇ।

6.0 ਪਸਵਕ ਟ੍ਰੇਨਿੰਗਾਂ ਦਾ ਦੂਸਰਾ ਪੜਾਅ ਫਰਵਰੀ ਮਹੀਨੇ ਵਿੱਚ ਹੋਵੇਗਾ। ਇਸ ਵਿੱਚ ਸੀ.ਐਮ.ਟੀ. ਭਾਈਚਾਰੇ ਦੇ ਸਾਹਮਣੇ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਜਿਵੇਂ ਕਵਿਤਾ, ਗੀਤ, ਸੁੰਦਰ ਲਿਖਾਈ, ਭਾਸ਼ਣ, ਪੇਂਟਿੰਗ ਆਦਿ ਕਰਵਾ ਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੇ ਪੜ੍ਹਾਈ ਦੇ ਸੁਧਰ ਰਹੇ ਮਿਆਰ ਨੂੰ ਭਾਈਚਾਰੇ ਨਾਲ ਸਾਂਝਾ ਕਰਨਗੇ। ਤਾਂ ਜੋ ਸਰਕਾਰੀ ਸਕੂਲਾਂ ਦੀ ਚੰਗੀ ਕਾਰਗੁਜ਼ਾਰੀ ਦਾ ਸੰਦੇਸ਼ ਪਿੰਡ/ਸ਼ਹਿਰ ਤੱਕ ਪੁੱਜਦਾ ਹੋ ਸਕੇ। ਅਤੇ ਸਕੂਲਾਂ ਅੰਦਰ ਬੱਚਿਆਂ ਦਾ ਦਾਖਲਾ ਵਧੇ।

7.0 ਸੀ.ਐਮ.ਟੀ. ਦੁਆਰਾ ਭਾਈਚਾਰੇ ਨੂੰ ਦਿੱਤੀ ਜਾਣ ਵਾਲੀ ਦੋ ਰੋਜ਼ਾ ਟ੍ਰੇਨਿੰਗ ਜੋ ਕਿ ਇਕ ਦਿਨ ਜਨਵਰੀ ਮਹੀਨੇ ਵਿੱਚ ਅਤੇ ਇਕ ਦਿਨ ਫਰਵਰੀ ਮਹੀਨੇ ਵਿੱਚ ਹੋਣੀ ਹੈ, ਇਸ ਦਾ ਸ਼ਡਿਊਲ ਆਪਣੇ ਪੱਧਰ ਤੇ ਤਿਆਰ ਕਰ ਲਿਆ ਜਾਵੇ।

8.0 ਪਸਵਕ ਟ੍ਰੇਨਿੰਗ ਦੇ ਸ਼ਡਿਊਲ ਨੂੰ ਸੀ.ਐਮ.ਟੀ. ਦੁਆਰਾ ਮੈਂਬਰ ਸਕਤਰ ਅਧਿਆਪਕ ਨੂੰ ਇਸ ਦੀ ਸੂਚਨਾ ਇਕ ਹਫ਼ਤਾ ਪਹਿਲਾ ਦੇਣੀ ਹੋਵੇਗੀ ਤਾਂ ਜੋ ਮੈਂਬਰ ਸਕੱਤਰ ਅਧਿਆਪਕ ਪਸਵਕ ਮੈਂਬਰਾਂ, ਪੀ.ਟੀ.ਏ.ਮੈਂਬਰਾਂ, ਐਮ.ਟੀ.ਏ.ਮੈਂਬਰਾਂ, ਆਗਨਵਾੜੀ ਵਰਕਰ ਅਤੇ ਭਾਈਚਾਰੇ ਦੇ ਬਾਕੀ ਮੈਂਬਰਾਂ ਨੂੰ ਵੀ ਅਗੇਤ ਵਜੋਂ ਸੂਚਨਾ ਦੇ ਸਕਣ।

9.0 ਸੀ.ਐਮ.ਟੀ. ਪਸਵਕ ਦੇ ਮੈਂਬਰਾਂ ਨੂੰ ਦਿੱਤੀ ਜਾਣ ਵਾਲੀ ਟ੍ਰੇਨਿੰਗ ਦੇ ਨਾਲ ਪੀ.ਟੀ.ਏ., ਐਮ.ਟੀ.ਏ, ਆਗਨਵਾੜੀ ਵਰਕਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਜਾਣਕਾਰੀ ਦੇਣਗੇ।

10.0 ਇਸ ਸਿਖਲਾਈ ਪ੍ਰੋਗਰਾਮ ਵਿੱਚ ਪੇਂਡੂ ਸਿੱਖਿਆ ਵਿਕਾਸ ਕਮੇਟੀ, ਪੀ.ਟੀ.ਏ., ਐਮ.ਟੀ.ਏ,ਅਤੇ ਭਾਈਚਾਰੇ ਦੇ ਵੱਧ ਤੋਂ ਵੱਧ ਮੈਂਬਰਾਂ ਦਾ ਸ਼ਾਮਲ ਹੋਣਾ ਯਕੀਨੀ ਬਣਾਇਆ ਜਾਵੇ। ਪਸਵਕ ਦਾ ਕੋਈ ਵੀ ਮੈਂਬਰ ਸਿਖਲਾਈ ਪ੍ਰੋਗਰਾਮ ਵਿੱਚ ਗੈਰਹਾਜ਼ਰ ਨਹੀਂ ਹੋਵੇਗਾ।

11.0 ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵੱਲੋਂ ਪੇਂਡੂ ਸਿੱਖਿਆ ਵਿਕਾਸ ਕਮੇਟੀ ਦੀ ਟ੍ਰੇਨਿੰਗ ਦਾ ਪੈਸਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਰਾਹੀਂ ਸਕੂਲਾਂ ਵਿੱਚ ਦਿੱਤੀ ਜਾਣ ਵਾਲੀ ਟ੍ਰੇਨਿੰਗ ਤੋਂ ਪਹਿਲਾਂ ਸਕੂਲ ਤੱਕ ਪਹੁੰਚਾਉਣਾ ਜ਼ਰੂਰੀ ਹੋਵੇਗਾ । ਇਸ ਦੀ ਪੂਰਨ ਜ਼ਿੰਮੇਵਾਰੀ ਸਬੰਧਤ ਬੀ.ਪੀ.ਈ.ਓ. ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਹੋਵੇਗੀ।

12.0 ਪਸਵਕ ਸਿਖਲਾਈ ਸਬੰਧੀ ਭੇਜੇ ਗਏ ਖਰਚੇ ਨੂੰ ਸਕੂਲ ਦੇ ਮਤਾ ਰਜਿਸਟਰ ਤੇ ਮਤਾ ਪਾ ਕੇ ਰਿਫਰੈਸ਼ਮੈਂਟ, ਬੱਚਿਆਂ ਨੂੰ ਇਨਾਮਾਂ ਆਦਿ ਸਬੰਧੀ ਮੈਂਬਰ ਸਕੱਤਰ ਅਧਿਆਪਕ ਦੁਆਰਾ ਫੰਡਾਂ ਦੀ ਸਹੀ ਢੰਗ ਨਾਲ ਵਰਤੋਂ ਨੂੰ ਹਾਜ਼ਰ ਮੈਂਬਰਾਂ ਰਾਹੀਂ ਤਸਦੀਕ ਕਰਵਾਇਆ ਜਾਵੇਗਾ। ਇਸ ਦੀ ਜ਼ਿੰਮੇਵਾਰੀ ਪਹਿਲਾਂ ਹੀ ਅਲਾਟ ਕੀਤੇ ਹੋਏ ਸਕੂਲਾਂ ਨਾਲ ਸਬੰਧਤ ਬੀ.ਆਰ.ਪੀ. ਦੀ ਵੀ ਹੋਵੇਗੀ।

13.0 ਪ੍ਰੋਫ਼ਾਰਮੇ ਵਿੱਚ ਇਕੱਤਰ ਕੀਤੀ ਜਾਣ ਵਾਲੀ ਜਾਣਕਾਰੀ ਸਕੂਲ ਪੱਧਰ ਤੇ ਮੈਂਬਰ ਸਕੱਤਰ ਅਧਿਆਪਕ ਵੱਲੋਂ ਕੀਤੀ ਜਾਵੇਗੀ। ਅਤੇ ਬਲਾਕ ਪੱਧਰ ਤੇ ਬੀ.ਪੀ.ਈ.ਓ.ਵੱਲੋਂ ਕੰਨਸਾਲੀਡੇਟ ਕੀਤੀ ਜਾਵੇਗੀ ਅਤੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਕੰਨਸਾਲੀਡੇਟ ਕਰਕੇ ਇਸ ਨੂੰ ਮੁੱਖ ਦਫ਼ਤਰ ਨੂੰ ਸਮੇਂ ਸਿਰ ਭੇਜਣਾ ਜ਼ਰੂਰੀ ਹੋਵੇਗਾ। (ਪ੍ਰੋਫ਼ਾਰਮਾ ਨਾਲ ਨੱਥੀ ਹੈ)

14.0 ਬੀ.ਐਮ.ਟੀ. ਦੁਆਰਾ ਇਹ ਯਕੀਨੀ ਬਣਾ ਲਿਆ ਜਾਵੇ ਕਿ ਪਸਵਕ ਟ੍ਰੇਨਿੰਗ ਪ੍ਰੋਗਰਾਮ ਉਪਰੋਕਤ ਸ਼ਡਿਊਲ ਅਨੁਸਾਰ ਭਾਵ ਜਨਵਰੀ ਅਤੇ ਫਰਵਰੀ ਮਹੀਨੇ ਵਿੱਚ ਮੁਕੰਮਲ ਕਰ ਲਿਆ ਗਿਆ ਹੈ।ਅਤੇ ਉਸ ਦੇ ਖੇਤਰ ਦਾ ਕੋਈ ਵੀ ਸਕੂਲ ਇਸ ਟ੍ਰੇਨਿੰਗ ਪੱਖੋਂ ਵਾਂਝਾ ਨਹੀਂ ਹੈ।

15.0 ਬੀ.ਪੀ.ਈ.ਓ. ਅਤੇ ਬੀ.ਆਰ.ਪੀ. ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪਸਵਕ ਟ੍ਰੇਨਿੰਗ ਪ੍ਰੋਗਰਾਮ ਲਈ ਦਿੱਤੀ ਗਈ ਰਾਸ਼ੀ ਸਹੀ ਤਰੀਕੇ ਨਾਲ ਖਰਚ ਹੋਈ ਹੈ। ਅਤੇ ਕਿਸੇ ਪਿੰਡ/ਸ਼ਹਿਰ ਵਿਚ ਦੋ ਰੋਜ਼ਾ ਟ੍ਰੇਨਿੰਗ ਹੋਣ ਪੱਖੋਂ ਨਹੀਂ ਰਹਿੰਦੀ।

16.0 ਇਸ ਗੱਲ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੀ.ਐਮ.ਟੀ. ਪਸਵਕ ਦੀਆਂ ਟ੍ਰੇਨਿੰਗਾਂ ਲਈ ਸਿਰਫ਼ ਰਿਸੋਰਸ ਪਰਸਨ ਵਜੋਂ ਹੀ ਕੰਮ ਕਰੇਗਾ ਹੋਰ ਕਿਸੇ ਕਿਸਮ ਦੀ ਵੀ ਜ਼ਿੰਮੇਵਾਰੀ ਜਿਵੇਂ ਕਿ ਵਿੱਤੀ ਮਾਮਲੇ ਜਾਂ ਅੰਕੜੇ ਇਕੱਠੇ ਕਰਨ ਦੀ ਸੀ.ਐਮ.ਟੀ/ਬੀ.ਐਮ.ਟੀ. ਦੀ ਨਹੀਂ ਹੋਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ ਮਿਤੀ

ਉਤਾਰਾ (1) ਸਮੂਹ ਮੰਡਲ ਸਿੱਖਿਆ ਅਫ਼ਸਰ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ।
(3) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

# ਪਸਵਕ ਸਿਖਲਾਈ ਸਬੰਧੀ ਪ੍ਰੋਫ਼ਾਰਮਾ

(ਮੈਂਬਰ ਸਕੱਤਰ ਅਧਿਆਪਕ ਲਈ)

1. ਜ਼ਿਲ੍ਹਾ : ..............................................................................

2. ਸਕੂਲ ਦਾ ਨਾਂ: ਸ.ਪ੍ਰ.ਸ...................................................................

ਸ.ਮਿ.ਸ/ਸ.ਹ.ਸ/ਸ.ਸ.ਸੈ.ਸ..........................................

..............................................................................

3. ਬਲਾਕ : ..............................................................................

4. **ਸਕੂਲ ਪੱਧਰ ਤੇ ਵੱਖ-ਵੱਖ ਕਮੇਟੀਆਂ ਦੀ ਰੂਪਰੇਖਾ:-**

| ਲੜੀ ਨੰ. | ਪਿੰਡ/ਸ਼ਹਿਰ ਵਿੱਚ ਬਣੀਆਂ ਕਮੇਟੀਆਂ ਦੇ ਨਾਂ | ਹਾਜ਼ਰ ਮੈਂਬਰਾਂ ਦੀ ਗਿਣਤੀ | | | | | |
|---|---|---|---|---|---|---|---|
| | | ਜਨਰਲ | ਐਸ.ਸੀ. | ਬੀ.ਸੀ | ਹੋਰ | ਕੁੱਲ | ਔਰਤਾਂ |
| 1. | ਪਸਵਕ | | | | | | |
| 2. | ਪੀ.ਟੀ.ਏ. | | | | | | |
| 3. | ਐਮ.ਟੀ.ਏ. | | | | | | |
| 4. | ਭਾਈਚਾਰੇ ਦੇ ਮੈਂਬਰ | | | | | | |
| ਕੁੱਲ ਮੈਂਬਰ | | | | | | | |

5. ਮਹੀਨਾਵਾਰ ਮੀਟਿੰਗਾਂ ਦੀ ਗਿਣਤੀ:-(ਅਪ੍ਰੈਲ ਤੋਂ ਦਸੰਬਰ ਤੱਕ).........................

**ਮੈਂਬਰ ਸਕੱਤਰ ਅਧਿਆਪਕ ਦੇ ਹਸਤਾਖ਼ਰ**

## ਬਲਾਕ ਸਬੰਧੀ ਪਸਵਕ ਸਿਖਲਾਈ ਪ੍ਰੋਫ਼ਾਰਮਾ

( ਬੀ.ਪੀ.ਈ.ਓ. ਲਈ ਪ੍ਰੋਫ਼ਾਰਮਾ)

ਪਸਵਕ ਸਿਖਲਾਈ ਕਿੰਨੇ ਪ੍ਰਾਇਮਰੀ ਸਕੂਲਾਂ 'ਚ ਹੋਈ:- ...................................

ਪਸਵਕ ਸਿਖਲਾਈ ਕਿੰਨੇ ਅੱਪਰ ਸਕੂਲਾਂ 'ਚ ਹੋਈ :-.......................................

ਵੱਖ-ਵੱਖ ਕਮੇਟੀਆਂ ਦੇ ਹਾਜ਼ਰ ਮੈਂਬਰਾਂ ਦੀ ਗਿਣਤੀ :-

| ਲੜੀ ਨੰ. | ਪਿੰਡ/ਸ਼ਹਿਰ ਵਿੱਚ ਬਣੀਆਂ ਕਮੇਟੀਆਂ ਦੇ ਨਾਂ | ਹਾਜ਼ਰ ਮੈਂਬਰਾਂ ਦੀ ਗਿਣਤੀ | | | | | |
|---|---|---|---|---|---|---|---|
| | | ਜਨਰਲ | ਐਸ.ਸੀ. | ਬੀ.ਸੀ | ਹੋਰ | ਕੁੱਲ | ਔਰਤਾਂ |
| 1. | ਪਸਵਕ | | | | | | |
| 2. | ਪੀ.ਟੀ.ਏ. | | | | | | |
| 3. | ਐਮ.ਟੀ.ਏ. | | | | | | |
| 4. | ਭਾਈਚਾਰੇ ਦੇ ਮੈਂਬਰ | | | | | | |
| ਕੁੱਲ | | | | | | | |

ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੇ ਹਸਤਾਖ਼ਰ